28 Oct-Khn-5-6-7.qxd 28-Oct-25 11:09 PM Page 4

ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਤੋਂ ਗੁਰਬਾਣੀ ਕੀਰਤਨ



ਰੇਡੀਓ

ਰਾਹੀਂ ਸਿੱਧੇ ਪ੍ਰਸਾਰਿਤ ਹੁੰਦੇ ਕੀਰਤਨ ਵਿਚ **29 ਅਕਤੂਬਰ** ਨੂੰ ਸ਼ਾਮ 4.00 ਤੋਂ 6.00 ਵਜੇ ਤੱਕ **ਭਾਈ ਦਵਿੰਦਰ ਸਿੰਘ ਅਤੇ 30 ਅਕਤੂਬਰ** ਨੂੰ ਸਵੇਰੇ 4.00 ਤੋਂ 6.00 ਵਜੇ ਤੱਕ **ਭਾਈ ਜਬਰਤੋੜ ਸਿੰਘ** 'ਆਸਾ ਦੀ ਵਾਰ' ਦਾ ਕੀਰਤਨ ਕਰਨਗੇ।

ਪੀ. ਟੀ. ਸੀ.

ਪੀ. ਟੀ. ਸੀ. ਪੰਜਾਬੀ ਰਾਹੀਂ ਸਿੱਧੇ ਪ੍ਰਸਾਰਿਤ ਹੁੰਦੇ ਪ੍ਰੋਗਰਾਮ ਵਿਚ **29 ਅਕਤੂਬਰ** ਨੂੰ ਸ਼ਾਮ 5.00 ਤੋਂ 7.00 ਵਜੇ ਤੱਕ **ਭਾਈ ਦਵਿੰਦਰ ਸਿੰਘ**, ਕੀਰਤਨ, ਪਾਠ 'ਰਹਿਰਾਸ ਸਾਹਿਬ' ਉਪਰੰਤ 'ਆਰਤੀ' **ਭਾਈ ਗੁਰਸੇਵਕ ਸਿੰਘ** ਤੇ **30 ਅਕਤੂਬਰ** ਨੂੰ ਸਵੇਰੇ 3.45 ਵਜੇ ਤੋਂ 7.45 ਵਜੇ ਤੱਕ **ਭਾਈ ਜਬਰਤੋੜ ਸਿੰਘ** ਤੇ **ਭਾਈ ਗੁਰਜਿੰਦਰ ਸਿੰਘ** ਕੀਰਤਨ ਕਰਨਗੇ।

ਐਸ. ਜੀ. ਪੀ. ਸੀ. ਵੈੱਬ ਚੈਨਲ 'ਤੇ ਸਵੇਰੇ 3.45 ਵਜੇ ਤੋਂ 8.30 ਵਜੇ ਤੱਕ, ਦੁਪਹਿਰ 12.30 ਵਜੇ ਤੋਂ 2.20 ਵਜੇ ਤੱਕ ਅਤੇ ਸ਼ਾਮ 6.00 ਵਜੇ ਤੋਂ 8.00 ਵਜੇ ਤੱਕ ਸਿੱਧਾ ਪ੍ਰਸਾਰਨ ਹੁੰਦਾ ਹੈ। ਐਸ. ਜੀ. ਪੀ. ਸੀ. ਦੇ ਮੋਬਾਈਲ ਐਪ ਤੋਂ ਅੰਮ੍ਰਿਤ ਵੇਲੇ ਤੋਂ ਸੁਖ ਆਸਨ ਤੱਕ ਦਾ ਪੂਰਾ ਸਮਾਗਮ ਸੁਣਿਆ ਜਾ ਸਕਦਾ ਹੈ।

ਮੁੱਖ ਵਾਕ ਦੀ ਕਥਾ : 29 ਅਕਤੂਬਰ ਨੂੰ ਗਿਆਨੀ ਰਣਜੀਤ ਸਿੰਘ ਗੁਰਦੁਆਰਾ ਬੰਗਲਾ ਸਾਹਿਬ ਦਿੱਲੀ ਅਤੇ 30 ਅਕਤੂਬਰ ਨੂੰ ਬਾਬਾ ਬੰਤਾ ਸਿੰਘ ਮੁੰਡਾਪਿੰਡ, ਗੁ: ਮੰਜੀ ਸਾਹਿਬ ਦੀਵਾਨ ਹਾਲ ਸ੍ਰੀ ਹਰਿਮੰਦਰ ਸਾਹਿਬ ਸਮੂਹ ਵਿਖੇ ਸਵੇਰੇ 7.45 ਵਜੇ ਤੋਂ 8.30 ਵਜੇ ਤੱਕ ਮੁੱਖ ਵਾਕ ਦੀ ਕਥਾ ਕਰਨਗੇ।

ਪਿੰਡ ਘਣਗਸ ਵਿਖੇ ਬੰਦ ਪਈ ਵੈਟਰਨਰੀ ਡਿਸਪੈਂਸਰੀ ਜੋ ਲੋਕਾਂ ਵਲੋਂ ਨਿੱਜੀ ਤੌਰ 'ਤੇ ਵਰਤੀ ਜਾ ਰਹੀ ਹੈ। ਤਸਵੀਰ ਮੁਕੰਦਪੁਰੀ

ਜਨਮ ਦਿਨ ਮੁਬਾਰਕ

ਸਿਫਤਦੀਪ ਕੌਰ
ਪਿਤਾ : ਹਰਜੀਤ ਸਿੰਘ
ਮਾਤਾ : ਰਣਦੀਪ ਕੌਰ
ਵਾਸੀ : ਇਕੋਲਾਹਾ।

ਸਬ ਡਵੀਜ਼ਨ ਪਾਇਲ 'ਚ ਵੈਟਰਨਰੀ ਸਹੂਲਤਾਂ ਹਾਸ਼ੀਏ 'ਤੇ

• ਪਿੰਡ ਘਣਗਸ ਅਤੇ ਜੀਰਖ 'ਚ ਡਿਸਪੈਂਸਰੀ 2019 ਤੋਂ ਪਈ ਬੰਦ

ਰਾੜਾ ਸਾਹਿਬ, 28 ਅਕਤੂਬਰ (ਪ੍ਰੀਤਮ ਸਿੰਘ ਮੁਕੰਦਪੁਰੀ)- ਸਬ ਡਵੀਜ਼ਨ ਪਾਇਲ ਵਿਚ ਪੇਂਡੂ ਖੇਤਰ ਦੇ ਮੁੱਖ ਸਹਾਇਕ ਧੰਦੇ ਪਸ਼ੂ ਪਾਲਣ ਨਾਲ ਸੰਬੰਧਿਤ ਵੈਟਰਨਰੀ ਹਸਪਤਾਲ ਅਤੇ ਡਿਸਪੈਂਸਰੀਆਂ ਦੀ ਕਾਰਗੁਜ਼ਾਰੀ ਲੋਕਾਂ ਲਈ ਬਣਾਏ ਆਮ ਆਦਮੀ ਕਲੀਨਿਕ ਦੇ ਪ੍ਰਚਾਰ ਹੇਠਾਂ ਦੱਬ ਕੇ ਰਹਿ ਗਈ ਹੈ। ਕੁੱਝ ਹਸਪਤਾਲ ਅਤੇ ਡਿਸਪੈਂਸਰੀਆਂ ਤਾਂ ਸਰਕਾਰੀ ਬੇਰੁਖੀ ਕਾਰਣ ਦਮ ਤੋੜ ਗਈਆਂ ਹਨ। ਸਬ ਡਵੀਜ਼ਨ ਪਾਇਲ ਵਿਚ 19 ਸਿਵਲ ਵੈਟਰਨਰੀ ਹਸਪਤਾਲ ਹਨ, ਜਿਨ੍ਹਾਂ ਵਿੱਚੋਂ ਮਲੌਦ, ਰੌਣੀ, ਲਹਿਲ ਅਤੇ ਕੋਟਲੀ ਵਿਖੇ ਵੈਟਰਨਰੀ ਅਫਸਰ, ਵੈਟਰਨਰੀ ਇੰਸਪੈਕਟਰ ਅਤੇ ਦਰਜਾ ਚਾਰ ਦੀਆਂ ਸਾਰੀਆਂ ਅਸਾਮੀਆਂ ਖਾਲੀ ਹਨ। ਇਹ ਵੀ ਦੱਸ ਦਈਏ ਕਿ ਮਲੌਦ ਨਾਲ ਬਲਾਕ ਪੱਧਰ 'ਤੇ ਜੁੜੇ 15-20 ਪਿੰਡ ਵਿੱਚ ਪਸ਼ੂ ਸਿਹਤ ਸਹੂਲਤਾਂ ਪ੍ਰਭਾਵਿਤ ਹੋ ਰਹੀਆਂ ਹਨ। ਇਸ ਤੋਂ ਇਲਾਵਾ ਘਲੋਟੀ, ਜਰਗ ਅਤੇ ਘੁਡਾਣੀ ਕਲਾਂ ਵਿਖੇ ਵੈਟਰਨਰੀ ਅਫਸਰ ਨਾ ਹੋਣ ਕਰਕੇ ਵੈਟਰਨਰੀ ਇੰਸਪੈਕਟਰ ਨਾਲ ਕੰਮ ਚਲਾਇਆ ਜਾ ਰਿਹਾ ਹੈ। ਇਸੇ ਤਰ੍ਹਾਂ ਇੱਥੇ ਕੁੱਲ 23 ਸਿਵਲ ਡਿਸਪੈਂਸਰੀਆਂ ਹਨ, ਜਿਨ੍ਹਾਂ ਵਿਚੋਂ ਘੁਡਾਣੀ ਖੁਰਦ, ਕਟਾਹਰੀ , ਬੇਗੋਵਾਲ, ਕਿਲ੍ਹਾ ਹਾਂਸ ਅਤੇ ਲਾਪਰਾਂ ਗ਼ੈਰ ਮਨਜ਼ੂਰ ਸ਼ੁਦਾ ਹਨ। ਇਨ੍ਹਾਂ ਪਿੰਡਾਂ ਵਿੱਚ ਬਿਲਡਿੰਗ ਤਾਂ ਉਪਲਬਧ ਹੈ ਪਰ ਅਸਾਮੀਆਂ ਦੀ ਮਨਜ਼ੂਰੀ ਅਜੇ ਤੱਕ ਨਾ ਮਿਲਣ ਕਾਰਨ ਬੰਦ ਹਨ। ਦੂਜੇ ਪਾਸੇ ਪਿੰਡ ਘਣਗਸ ਅਤੇ ਜੀਰਖ ਵਿਖੇ ਬਿਲਡਿੰਗ ਅਤੇ ਮਨਜ਼ੂਰਸ਼ੁਦਾ ਅਸਾਮੀਆਂ ਤਾਂ ਹਨ ਪਰ ਸਟਾਫ ਨਾ ਹੋਣ ਕਰਕੇ 2019 ਤੋਂ ਬੰਦ ਪਈਆਂ ਹਨ। ਪਿੰਡ ਕੂਹਲੀ ਕਲਾਂ ਵਿਖੇ ਮੌਜੂਦ ਡਿਸਪੈਂਸਰੀ ਜੋ ਕਿ ਜ਼ਿਲ੍ਹਾ ਪ੍ਰੀਸ਼ਦ ਅਧੀਨ ਹੈ, ਸਾਲ 2015 ਤੋਂ ਬੰਦ ਪਈ ਹੈ। ਜ਼ਿਕਰਯੋਗ ਹੈ ਕਿ ਬੰਦ ਪਈਆਂ ਇਮਾਰਤਾਂ ਸਾਂਭ ਸੰਭਾਲ ਦੀ ਅਣਹੋਂਦ ਕਾਰਨ ਖ਼ਸਤਾ ਹਾਲਤ ਵਿੱਚ ਤਬਦੀਲ ਹੋ ਰਹੀਆਂ ਹਨ। ਇਮਾਰਤ ਤੋਂ ਗ਼ੈਰਹਾਜ਼ਰ ਜਾਣਕਾਰੀ ਬੋਰਡ, ਵੱਡਾ ਉੱਗਿਆ ਘਾਹ, ਖਿੱਲਰੀਆਂ ਇੱਟਾਂ ਰੋੜੇ ਅਤੇ ਲੋਕਾਂ ਵਲੋਂ ਨਿੱਜੀ ਹਿੱਤਾਂ ਲਈ ਹੋ ਰਹੀ ਵਰਤੋਂ ਸਰਕਾਰੀ ਬੇਰੁਖ਼ੀ ਦੀ ਜ਼ਿੰਦਾ ਮਿਸਾਲ ਹੈ। ਲਿਹਾਜ਼ਾ ਲੋਕਾਂ ਨੂੰ ਪਸ਼ੂਆਂ ਤੋਂ ਇਲਾਵਾ ਹੋਰ ਪਾਲਤੂ ਜਾਨਵਰਾਂ ਦੀਆਂ ਸਿਹਤ ਸਹੂਲਤਾਂ ਲੈਣ ਅਤੇ ਵੈਕਸੀਨੇਸ਼ਨ ਲਈ ਪ੍ਰਾਈਵੇਟ ਡਾਕਟਰਾਂ ਤੇ ਨਿਰਭਰ ਹੋਣਾ ਪੈ ਰਿਹਾ ਹੈ। ਇਸ ਸਬੰਧੀ ਡਾ. ਅਮਰੀਕ ਸਿੰਘ ਡਿਪਟੀ ਡਾਇਰੈਕਟਰ ਪਸ਼ੂ ਪਾਲਣ ਵਿਭਾਗ ਜ਼ਿਲ੍ਹਾ ਲੁਧਿਆਣਾ ਨੇ ਦੱਸਿਆ ਕਿ ਦੂਜੇ ਹਸਪਤਾਲਾਂ ਅਤੇ ਡਿਸਪੈਂਸਰੀਆਂ ਨੂੰ ਖ਼ਾਲੀ ਥਾਵਾਂ ਦਾ ਵਾਧੂ ਚਾਰਜ ਦੇ ਕੇ ਕੰਮ ਚਲਾਇਆ ਜਾ ਰਿਹਾ ਹੈ। ਵੈਕਸੀਨੇਸਨ ਆਦਿ ਜ਼ਰੂਰੀ ਕਾਰਜ ਨਿਰਵਿਘਨ ਜਾਰੀ ਹਨ। ਇਸ ਤੋਂ ਇਲਾਵਾ ਵੈਟਰਨਰੀ ਅਫ਼ਸਰਾਂ ਦੀ ਨਵੀਂ ਨਿਯੁਕਤੀ ਦਸੰਬਰ ਮਹੀਨੇ ਵਿੱਚ ਹੋ ਜਾਵੇਗੀ।

ਮੈਗਾ ਕੈਂਸਰ ਕੇਅਰ, ਸਿਹਤ, ਸ਼ੂਗਰ ਤੇ ਅੱਖਾਂ ਦਾ ਜਾਂਚ ਕੈਂਪ 31 ਨੂੰ

ਖੰਨਾ, 28 ਅਕਤੂਬਰ (ਹਰਜਿੰਦਰ ਸਿੰਘ ਲਾਲ)- ਗੁਰਬੰਸ ਫਾਊਂਡੇਸ਼ਨ ਚਕੋਹੀ ਵੱਲੋਂ ਗੁਰੂ ਤੇਗ ਬਹਾਦਰ ਜੀ ਦੀ ਲਾਸਾਨੀ ਸ਼ਹਾਦਤ ਨੂੰ ਸਮਰਪਿਤ 350ਵੇਂ ਸ਼ਹੀਦੀ ਦਿਹਾੜੇ 'ਤੇ 31 ਅਕਤੂਬਰ ਨੂੰ ਰਾਮਗੜ੍ਹੀਆ ਭਵਨ ਜੀ ਟੀ ਰੋਡ ਖੰਨਾ ਵਿਖੇ ਮੁਫਤ ਮੈਗਾ ਕੈਂਸਰ ਕੇਅਰ, ਸਿਹਤ ਸ਼ੂਗਰ ਅਤੇ ਅੱਖਾਂ ਦਾ ਜਾਂਚ ਕੈਂਪ ਲਗਾਇਆ ਜਾ ਰਿਹਾ ਹੈ। ਜਿਸ ਦਾ ਉਦਘਾਟਨ ਫਾਊਂਡੇਸ਼ਨ ਦੀ ਪ੍ਰਧਾਨ ਸੰਜੀਵ ਸਿੱਧੂ ਕਰਨਗੇ। ਇਹ ਕੈਂਪ ਗੋਲਬਲ ਪੰਜਾਬ ਐਸੋਸੀਏਸ਼ਨ ਅਤੇ ਵਰਲਡ ਕੈਂਸਰ ਕੇਅਰ, ਯੂ ਕੇ (ਇੰਗਲੈਂਡ) ਦੇ ਸਹਿਯੋਗ ਨਾਲ ਲਗਾਇਆ ਜਾ ਰਿਹਾ ਹੈ। ਕੈਂਪ ਬਾਰੇ ਜਾਣਕਾਰੀ ਦਿੰਦਿਆਂ ਫਾਊਂਡੇਸ਼ਨ ਦੇ ਜ. ਸਕੱਤਰ ਅੰਮ੍ਰਿਤਪਾਲ ਸਿੰਘ ਅਤੇ ਕੈਂਪ ਇੰਚਾਰਜ ਗੁਰਮੀਤ ਸਿੰਘ ਬਾਵਾ ਨੇ ਦੱਸਿਆ ਕਿ ਇਸ ਕੈਂਪ ਉਚੇਚੇ 'ਤੇ ਕੁਲਵੰਤ ਸਿੰਘ ਧਾਲੀਵਾਲ ਯੂ.ਕੇ. ਵਾਲਿਆਂ ਦੀ ਪੂਰੀ ਡਾਕਟਰੀ ਟੀਮ ਮਰੀਜ਼ਾਂ ਨੂੰ ਚੈੱਕ ਕਰੇਗੀ। ਮਰੀਜ਼ਾਂ ਦੇ ਸਾਰੇ ਟੈਸਟ ਅਤੇ ਕੈਂਸਰ ਦੇ ਵਿਸ਼ੇਸ਼ ਟੈਸਟ ਕੀਤੇ ਜਾਣਗੇ। ਸਾਰੇ ਟੈਸਟ ਮੁਫ਼ਤ ਹੋਣਗੇ ਅਤੇ ਦਵਾਈਆਂ ਮੁਫ਼ਤ ਦਿੱਤੀਆਂ ਜਾਣਗੀਆਂ। ਘੱਟ ਨਜ਼ਰ ਵਾਲਿਆਂ ਨੂੰ ਐਨਕਾਂ ਵੀ ਦਿੱਤੀਆਂ ਜਾਣਗੀਆਂ। ਕੈਂਪ ਸਵੇਰੇ 10 ਵਜੇ ਤੋਂ ਸ਼ਾਮ 4 ਵਜੇ ਤੱਕ ਚੱਲੇਗਾ।

ਗੁਰਮਨ ਕੌਰ ਨੂੰ ਅੰਡਰ-14 ਵਰਗ ਚਿ ਸਟੇਟ ਅਥਲੈਟਿਕ ਚੈਂਪੀਅਨਸ਼ਿਪ 'ਚ ਦੂਜਾ ਸਥਾਨ ਹਾਸਲ ਕਰਨ 'ਤੇ ਸਨਮਾਨ ਕਰਦੇ ਹੋਏ ਪ੍ਰਬੰਧਕ। ਅਜੀਤ ਤਸਵੀਰ

ਵਿਦਿਆਰਥਣ ਗੁਰਮਨ ਕੌਰ ਦਾ ਅਥਲੈਟਿਕਸ ਚੈਂਪੀਅਨਸ਼ਿਪ 'ਚ ਸ਼ਾਨਦਾਰ ਪ੍ਰਦਰਸ਼ਨ

ਸਮਰਾਲਾ, 28 ਅਕਤੂਬਰ (ਗੋਪਾਲ ਸੋਫਤ)-ਸਮਰਾਲਾ ਦੇ ਸੈਂਟੀਨਲ ਇੰਟਰਨੈਸ਼ਨਲ ਸਕੂਲ ਦੀ ਅੱਠਵੀਂ ਜਮਾਤ ਦੀ ਵਿਦਿਆਰਥਣ ਗੁਰਮਨ ਕੌਰ ਨੇ ਅੰਡਰ-14 ਵਰਗ ਵਿਚ ਸਟੇਟ ਅਥਲੈਟਿਕ ਚੈਂਪੀਅਨਸ਼ਿਪ 'ਚ ਮੀਟਰ ਰਿਲੇਅ ਵਿਚ ਦੂਜਾ ਸਥਾਨ ਹਾਸਲ ਕੀਤਾ ਹੈ। ਗੁਰੂ ਨਾਨਕ ਸਟੇਡੀਅਮ ਲੁਧਿਆਣਾ ਵਿਖੇ ਹੋਏ ਅਥਲੈਟਿਕਸ ਮੁਕਾਬਲਿਆਂ 'ਚ ਸ਼ਾਨਦਾਰ ਪ੍ਰਦਰਸ਼ਨ ਕਰਨ ਵਾਲੀ ਗੁਰਮਨ ਕੌਰ ਸਿਰਫ਼ 13 ਸਾਲ ਦੀ ਹੈ। ਉਸ ਨੇ ਆਪਣੀ ਸਖ਼ਤ ਮਿਹਨਤ ਤੇ ਲਗਨ ਨਾਲ ਸਾਰੇ ਸਾਥੀਆਂ ਨੂੰ 4 ਗ 100 ਮੀਟਰ ਦੌੜ ਵਿਚ ਵਧੀਆ ਪ੍ਰਦਰਸ਼ਨ ਕਰ ਕੇ ਦੂਜਾ ਸਥਾਨ ਪ੍ਰਾਪਤ ਕਰਵਾਇਆ। ਰਿਲੇਅ ਰੇਸ ਵਿਚ ਉਸ ਦੀ ਟੀਮ ਨੇ ਤਕਨੀਕੀ ਤਰੀਕਿਆਂ ਨਾਲ ਸਭ ਤੋਂ ਅੱਗੇ ਰਹਿਣ ਦਾ ਕਮਾਲ ਕੀਤਾ। ਇਹ ਪ੍ਰਦਰਸ਼ਨ ਨਾ ਸਿਰਫ਼ ਸਕੂਲ ਲਈ ਮਾਣ ਵਾਲਾ ਹੈ, ਬਲਕਿ ਪੂਰੇ ਜ਼ਿਲ੍ਹੇ ਲਈ ਇੱਕ ਮਿਸਾਲ ਹੈ। ਗੁਰਮਨ ਨੇ ਕਿਹਾ ਇਹ ਜਿੱਤ ਮੇਰੇ ਮਾਪਿਆਂ, ਅਧਿਆਪਕਾਂ ਅਤੇ ਸਕੂਲ ਪ੍ਰਿੰਸੀਪਲ ਡਾ. ਪੂਨਮ ਸ਼ਰਮਾ ਦੀ ਦਿੱਤੀ ਸੇਧ ਨਾਲ ਸੰਭਵ ਹੋਈ, ਜਿਨ੍ਹਾਂ ਨੇ ਹਮੇਸ਼ਾ ਖੇਡਾਂ ਅਤੇ ਪੜ੍ਹਾਈ ਵਿਚ ਬੈਲੰਸ ਬਣਾਉਣ ਲਈ ਪ੍ਰੇਰਿਤ ਕੀਤਾ। ਪ੍ਰਿੰਸੀਪਲ ਡਾ. ਪੂਨਮ ਸ਼ਰਮਾ ਨੇ ਗੁਰਮਨ ਦੀ ਸਫਲਤਾ 'ਤੇ ਖ਼ੁਸ਼ੀ ਪ੍ਰਗਟ ਕਰਦਿਆਂ ਕਿਹਾ ਗੁਰਮਨ ਵਰਗੀ ਵਿਦਿਆਰਥਣ ਸਾਡੇ ਸਕੂਲ ਦੀ ਸ਼ਾਨ ਹੈ। ਅਸੀਂ ਖੇਡਾਂ ਨੂੰ ਸਿਰਫ਼ ਫਿਟਨੈੱਸ ਲਈ ਨਹੀਂ, ਬਲਕਿ ਚਰਿੱਤਰ ਨਿਰਮਾਣ ਅਤੇ ਟੀਮ ਵਰਕ ਸਿਖਾਉਣ ਦਾ ਮਾਧਿਅਮ ਮੰਨਦੇ ਹਾਂ। ਪ੍ਰਿੰਸੀਪਲ ਡਾ. ਪੂਨਮ ਸ਼ਰਮਾ ਨੇ ਵਿਦਿਆਰਥੀਆਂ ਨੂੰ ਭਵਿੱਖ ਵਿਚ ਵੀ ਅਜਿਹੇ ਪਲੇਟਫ਼ਾਰਮ ਪ੍ਰਦਾਨ ਕਰਨ ਦਾ ਵਾਅਦਾ ਕੀਤਾ।

ਪੰਜਾਬੀ ਸਾਹਿਤ ਸਭਾ ਭੈਣੀ ਸਾਹਿਬ ਦੀ ਮੀਟਿੰਗ ਹੋਈ

ਮਾਛੀਵਾੜਾ ਸਾਹਿਬ, 28 ਅਕਤੂਬਰ (ਮਨੋਜ ਕੁਮਾਰ, ਸੰਦੀਪ ਸਿੰਘ ਕੁਹਾੜਾ)- ਪੰਜਾਬੀ ਸਾਹਿਤ ਸਭਾ ਭੈਣੀ ਸਾਹਿਬ ਦੀ ਮੀਟਿੰਗ ਪਿਛਲੇ ਦਿਨੀਂ ਨਿਊ ਹਾਲ ਲਾਟੋ ਰੋਡ) ਵਿਖੇ ਹੋਈ। ਪਹਿਲੇ ਸੈਸ਼ਨ ਦੀ ਪ੍ਰਧਾਨਗੀ ਉੱਘੇ ਗ਼ਜ਼ਲਗੋ ਗੁਰਦਿਆਲ ਰੌਸ਼ਨ, ਸੁਰਿੰਦਰ ਰਾਮਪੁਰੀ, ਗ਼ਜ਼ਲਗੋ ਜ਼ੋਰਾਵਰ ਸਿੰਘ ਪੰਛੀ, ਲੇਖਕਾ ਜਸਵੀਰ ਕੌਰ ਜੱਸੀ, ਗ਼ਜ਼ਲਗੋ ਸਰਦਾਰ ਪੰਛੀ ਅਤੇ ਗੁਰਸੇਵਕ ਸਿੰਘ ਢਿੱਲੋਂ ਨੇ ਕੀਤੀ। ਮੀਟਿੰਗ ਵਿਚ ਗ਼ਜ਼ਲਗੋ ਜ਼ੋਰਾਵਰ ਸਿੰਘ ਪੰਛੀ ਦੀ ਕਿਤਾਬ, ਪ੍ਰੇਮ ਖੇਲਣ ਕਾ ਚਾਓ, ਸੁਰਿੰਦਰ ਰਾਮਪੁਰੀ ਦੁਆਰਾ ਸੰਪਾਦਕ ਪੁਸਤਕ, ਆਤਮਾ ਰਾਮ ਰੰਜਨ ਜੀਵਨ ਅਤੇ ਰਚਨਾ, ਲੇਖਕਾ ਜਸਵੀਰ ਕੌਰ ਜੱਸੀ ਦੀ ਈ-ਬੁੱਕ, ਨਜ਼ਰ ਤੋਂ ਨਜ਼ਰੀਏ ਤੱਕ, ਲੇਖਕਾ ਕੰਵਲਜੀਤ ਕੌਰ ਆਂਡਲੂ ਦੀ ਈ-ਬੁੱਕ, ਰੂਹ ਤੋਂ ਰੂਹ ਤੱਕ, ਲੋਕ ਅਰਪਣ ਕੀਤੀਆਂ ਗਈਆਂ। ਪ੍ਰੇਮ ਖੇਲਣ ਕਾ ਚਾਓ, ਪੁਸਤਕ ਦਾ ਪਰਚਾ ਉੱਘੀ ਲੇਖਕਾ ਰਜਿੰਦਰ ਕੌਰ ਪੰਨੂ ਨੇ, ਆਤਮਾ ਰਾਮ ਰੰਜਨ ਜੀਵਨ ਅਤੇ ਰਚਨਾ, ਪੁਸਤਕ ਦਾ ਪਰਚਾ, ਗੁਰਸੇਵਕ ਸਿੰਘ ਢਿੱਲੋਂ ਨੇ, ਲੇਖਕਾ ਜਸਵੀਰ ਕੌਰ ਜੱਸੀ ਦੀ ਈ-ਬੁੱਕ, ਨਜ਼ਰ ਤੋਂ ਨਜ਼ਰੀਏ ਤੱਕ ਦਾ ਪਰਚਾ, ਬਲਵੀਰ ਸਿੰਘ ਬੱਬੀ ਨੇ ਅਤੇ ਲੇਖਕਾ ਕੰਵਲਜੀਤ ਕੌਰ ਆਂਡਲੂ ਦੀ ਈ-ਬੁੱਕ, ਰੂਹ ਤੋਂ ਰੂਹ ਤੱਕ ਦਾ ਪਰਚਾ, ਗੀਤਕਾਰ ਜਗਤਾਰ ਰਾਈਆਂ ਵਾਲੇ ਨੇ ਪੜ੍ਹਿਆ। ਮੀਟਿੰਗ ਵਿਚ ਗ਼ਜ਼ਲਗੋ ਜ਼ੋਰਾਵਰ ਸਿੰਘ ਪੰਛੀ, ਲੇਖਕਾ ਜਸਵੀਰ ਕੌਰ ਜੱਸੀ, ਸੁਰਿੰਦਰ ਰਾਮਪੁਰੀ, ਲੇਖਕਾ ਕੰਵਲਜੀਤ ਕੌਰ ਆਂਡਲੂ, ਗੀਤਕਾਰ ਗੋਪੀ ਜਮਾਲਪੁਰੀ ਦਾ ਸਨਮਾਨ ਕੀਤਾ ਗਿਆ। ਇਸ ਤੋਂ ਇਲਾਵਾ ਗਾਇਕਾ ਸਿਮਰ ਮਹਿਰਾ ਦੇ ਗੀਤ, ਮਾਤਾ ਸੀਤਾ ਦੀਆਂ ਲੋਰੀਆਂ ਦਾ ਪੋਸਟਰ ਰਿਲੀਜ਼ ਕੀਤਾ ਗਿਆ। ਦੂਸਰੇ ਸੈਸ਼ਨ ਵਿਚ ਪ੍ਰਭਾਵਸ਼ਾਲੀ ਕਵੀ ਦਰਬਾਰ ਹੋਇਆ। ਜਿਸ ਦੀ ਪ੍ਰਧਾਨਗੀ ਦੀਪ ਦਿਲਬਰ ਸਮਰਾਲਾ, ਗੀਤਕਾਰ ਕਰਨੈਲ ਸਿੰਘ ਸਿਵੀਆ, ਜਗਜੀਤ ਗੁਰਮ, ਜਗਵੀਰ ਸਿੰਘ ਵਿੱਕੀ, ਦਰਸ਼ਨ ਸਿੰਘ ਭਾਗਪੁਰ, ਗ਼ਜ਼ਲਗੋ ਬਲਵੰਤ ਚਿਰਾਗ਼ ਨੇ ਕੀਤੀ। ਹਾਜ਼ਰ ਸ਼ਾਇਰਾਂ ਵਿਚ ਗੀਤਕਾਰ ਕਰਨੈਲ ਸਿੰਘ ਸਿਵੀਆ, ਨੇਤਰ ਸਿੰਘ ਮੁੱਤੋਂ, ਹਰਬੰਸ ਸਿੰਘ ਰਾਏ, ਬਲਵੰਤ ਸਿੰਘ ਵਿਰਕ, ਦਲਵੀਰ ਸਿੰਘ ਕਲੇਰ, ਪੰਮੀ ਹਬੀਬ, ਜਗਦੇਵ ਮਕਸੂਦੜਾ, ਹਰਸ਼ਦੀਪ ਸਿੰਘ, ਹਰਬੰਸ ਸਿੰਘ ਸ਼ਾਨ ਬਗ਼ਲੀ, ਮਨਦੀਪ ਸਿੰਘ ਮਾਣਕੀ, ਸੁਖਵਿੰਦਰ ਸਿੰਘ ਭਾਦਲਾ, ਅਵਤਾਰ ਸਿੰਘ ਉਟਾਲਾਂ, ਹਜ਼ਾਰਾਂ ਸਿੰਘ ਮੰਡ, ਗੀਤ ਗੁਰਜੀਤ, ਪਰਮਜੀਤ ਸਿੰਘ ਮੁੰਡੀਆਂ, ਸਵਿੰਦਰ ਸਿੰਘ ਲੁਧਿਆਣਾ, ਕਮਲਜੀਤ ਸਿੰਘ ਨੀਲੋਂ, ਸੀਮਾ ਕਲਿਆਣ ਲੁਧਿਆਣਾ, ਬਲਰਾਜ ਸਿੰਘ ਬਾਜਵਾ, ਸ਼ਲਨਜੀਤ ਕੌਰ, ਮਨਜੀਤ ਸਿੰਘ ਰਾਗੀ, ਮਲਕੀਤ ਸਿੰਘ ਮਾਲੜਾ, ਸੁਖਵਿੰਦਰ ਕੌਰ ਸੁੱਖੀ, ਰਣਜੀਤ ਕੌਰ, ਹਰਦੀਪ ਕੌਰ, ਜਸਵੀਰ ਸਿੰਘ ਸਾਹਨੇਵਾਲ, ਕੁਲਵਿੰਦਰ ਸਿੰਘ, ਗੁਰਦੀਪ ਸਿੰਘ ਡੇਂਜੀ, ਕਮਲਜੀਤ ਸਿੰਘ, ਜਸਪ੍ਰੀਤ ਕੌਰ, ਸਿਮਰ ਮਹਿਰਾ, ਚੰਨਪ੍ਰੀਤ ਸਿੰਘ, ਇੰਦਰਪ੍ਰੀਤ ਸਿੰਘ, ਗੁਰਜੰਟ ਸਿੰਘ, ਪ੍ਰੋਫੈਸਰ ਬਲਵਿੰਦਰ ਸਿੰਘ ਧਾਲੀਵਾਲ, ਆਰ. ਬਾਂਸਲ, ਮੀਤ ਹੰਟ, ਆਦਿਕ ਸ਼ਾਇਰਾਂ ਨੇ ਰਚਨਾਵਾਂ ਸਾਂਝੀਆਂ ਕੀਤੀਆਂ। ਮੀਟਿੰਗ ਦੀ ਕਾਰਵਾਈ ਕਹਾਣੀਕਾਰ ਤਰਨ ਸਿੰਘ ਬੱਲ ਤੇ ਜਗਵੀਰ ਸਿੰਘ ਵਿੱਕੀ ਨੇ ਖ਼ੂਬਸੂਰਤ ਅੰਦਾਜ਼ ਨਾਲ ਚਲਾਈ। ਇਸ ਤੋਂ ਇਲਾਵਾ ਸਰਪੰਚ ਬਹਾਦਰ ਸਿੰਘ, ਬਲਦੇਵ ਸਿੰਘ, ਬਲਵੰਤ ਸਿੰਘ ਆਦਿ ਹਾਜ਼ਰ ਸਨ ਅਤੇ ਗੁਰਸੇਵਕ ਸਿੰਘ ਢਿੱਲੋਂ ਨੇ ਆਏ ਸ਼ਾਇਰਾਂ ਦਾ ਧੰਨਵਾਦ ਕੀਤਾ।

ਸ੍ਰੀ ਭੈਣੀ ਸਾਹਿਬ ਨਜ਼ਦੀਕ ਮੀਟਿੰਗ ਦੌਰਾਨ ਇਕੱਤਰ ਸਾਹਿਤਕਾਰ। ਅਜੀਤ ਤਸਵੀਰ

ਗੁਰੂ ਨਾਨਕ ਮਾਡਲ ਸੀਨੀਅਰ ਸੈਕੰਡਰੀ ਸਕੂਲ ਦੋਰਾਹਾ ਦੇ 65 (ਸੀ. ਏ. ਟੀ. ਸੀ) ਸਾਲਾਨਾ ਸਿਖਲਾਈ ਕੈਂਪ ਵਿਚ ਹਿੱਸਾ ਲੈਣ ਵਾਲੇ ਵਿਦਿਆਰਥੀ ਅਤੇ ਹਾਜ਼ਰੀਨ। ਅਜੀਤ ਤਸਵੀਰ

ਗੁਰੂ ਨਾਨਕ ਸਕੂਲ ਦੇ ਕੈਡਿਟਾਂ ਨੇ ਕੈਡਿਟ ਸਾਲਾਨਾ ਸਿਖਲਾਈ ਕੈਂਪ 'ਚ ਭਾਗ ਲਿਆ

ਦੋਰਾਹਾ, 28 ਅਕਤੂਬਰ (ਪੱਤਰ ਪ੍ਰੇਰਕ)-ਗੁਰੂ ਨਾਨਕ ਮਾਡਲ ਸੀਨੀਅਰ ਸੈਕੰਡਰੀ ਸਕੂਲ, ਦ